## ਵਲੰਟੀਅਰ ਪਰੋਗਰਾਮ

- ਅਸੀਂ ਇਸ ਕਮਯੂਨਿਟੀ ਵਿੱਚ ਸਹਾਇਤਾ ਦੇ ਲੋੜੀਂਦੇ ਲੋਕਾਂ ਦੀ ਲੋੜ ਨੂੰ ਪੂਰਾ ਕਰਨ ਲਈ ਹਰ ਸਾਲ ਲਗਭਗ 40 ਨਵੇਂ ਵਲੰਟੀਅਰਾਂ ਨੂੰ ਟਰੇਨਿੰਗ ਦਿੰਦੇ ਹਾਂ।
- ਵਲੰਟੀਅਰਾਂ ਨੂੰ ਐਪਲੀਕੇਸ਼ਨ , ਇੰਟਰਵਿਊ ਪ੍ਰਕਿਰਿਆ, ਅਪਰਾਧਸ਼ੀਲ ਰਿਕਾਰਡ ਦੀ ਜਾਂਚ (criminal record check) ਅਤੇ ਰੈਫਰੈਂਸ ਚੈਕਾਂ ਦੁਆਰਾ ਸਕ੍ਰੀਨ ਕੀਤਾ ਜਾਂਦਾ ਹੈ।
- ਵਲੰਟੀਅਰ ਹਰ ਮਹੀਨੇ 12 ਘੰਟਿਆਂ ਦੀਆਂ 2 ਸ਼ਿਫਟਾਂ ਅਤੇ ਪੇਸ਼ੇ ਦੇ ਵਿਕਾਸ ਲਈ ਮਾਸਕ ਟਰੇਨਿੰਗ ਲਈ ਵਚਨਬੱਧ ਹੁੰਦੇ ਹਨ ।

## ਵਲੰਟੀਅਰਾਂ ਲਈ ਜ਼ਰੂਰੀ ਹੈ ਕਿ :

- ਉਹ 21 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਹੋਣ
- ਉਹ ਯੌਰਕ ਰੀਜਨ ਵਿੱਚ ਰਹਿੰਦੇ ਹੋਣ
- ਉਨ੍ਹਾਂ ਕੋਲ ਦਰੁਸਤ (valid) "ਜੀ" ਡਰਾਈਵਰ ਲਾਇਸੈਂਸ ਹੋਏ
- ਉਨ੍ਹਾਂ ਕੋਲ ਭਰੋਸੇਮੰਦ ਕਾਰ ਤੱਕ ਪਹੁੰਚ ਹੋਏ
- ਉਨ੍ਹਾਂ ਕੋਲ $1,000,000.00 ਦੀ ਔਟੋ (ਕਾਰ) ਇੰਸ਼ੋਰੈਂਸ ਹੋਏ
- ਉਹ ਪਿਛਲੇ 2 ਸਾਲਾਂ ਵਿੱਚ (ਦੁਰਵਿਹਾਰ ਦਾ) ਸ਼ਿਕਾਰ ਨਾ ਹੋਏ ਹੋਣ
- ਉਹ ਕਮਜ਼ੋਰ (vulnerable) ਖੇਤਰ ਦੀ ਸ੍ਰੀਨਿੰਗ ਚਿੱਠੀ ਦਾ ਪਰਬੰਧ ਕਰ ਸਕਣ (Vulnerable Sector Screening Letter)
- ਉਹ ਤਿੰਨ ਨਿਜੀ ਉਲੇਖਾਂ (ਰੈਫਰੈਂਸਾਂ) ਦਾ ਪਰਬੰਧ ਕਰ ਸਕਣ
- ਉਹ ਘੱਟੋਘੱਟ 40 ਘੰਟਿਆਂ ਦੇ ਟਰੇਨਿੰਗ ਪਰੋਗਰਾਮ ਵਿੱਚ ਹਿੱਸਾ ਲੈਣ
- ਉਹ ਹਰ ਮਹੀਨੇ 12 ਘੰਟਿਆਂ ਦੀਆਂ ਘੱਟੋਘੱਟ 2 ਸ਼ਿਫਟਾਂ ਲਈ ਵਲੰਟੀਅਰ ਕਰਨ ਵਾਸਤੇ ਤਿਆਰ ਹੋਣ
- ਉਹ ਹਰ ਮਹੀਨੇ ਪੇਸ਼ੇ ਦੇ ਵਿਕਾਸ ਲਈ ਟਰੇਨਿੰਗ ਵਿੱਚ ਭਾਗ ਲੈਣ ਲਈ ਤਿਆਰ ਹੋਣ
- ਉਨ੍ਹਾਂ ਕੋਲ ਇੰਨਟਰਨੈੱਟ ਅਤੇ ਇੱਕ ਈਮੇਲ ਪਤੇ ਤੱਕ ਪਹੁੰਚ ਹੋਏ

ਜੇਕਰ ਤੁਸੀਂ ਵਲੰਟੀਅਰ ਬਣਨ ਵਿੱਚ ਰੁਚੀ ਰੱਖਦੇ ਹੋ ਤਾਂ ਕਿਰਪਾ ਕਰਕੇ www.victimserivces-york.org ਉੱਤੇ ਸਾਡੀ ਵੈੱਬਸਾਇਟ ਦੇਖੋ ਜਾਂ (905) 474-2955 ਉੱਤੇ ਸਾਡੇ ਆਫਿਸ ਨੂੰ ਫੋਨ ਕਰੋ।

## ਵਿਕਟਿਮ ਸਰਵਿਸਿਜ਼ ਆਫ ਯੌਰਕ ਰੀਜਨ

**(Victim Services of York Region)**


4981 ਹਾਈਵੇ 7 ਈਸਟ
ਯੂਨਿਟ 12ਏ, ਸਵੀਟ 243
ਮਾਰਖਮ, ਓਨਟਾਰਿਓ ਐਲ3ਆਰ 1ਐਨ1
ਬਿਜ਼ਨਸ: (905) 474-2955
ਫੈਕਸ : (905) 513-7933
ਈ-ਮੇਲ:
victimservices@police.york.on.ca
www.victimservices-york.org


ਯੌਰਕ ਰੀਜਨਲ ਪੁਲਿਸ ਅਤੇ
ਦ ਓਨਟਾਰਿਓ ਪਰੋਵਿੰਸ਼ੀਅਲ ਪੁਲਿਸ ਦੀ **ਸਹਿਭਾਗਤਾ** ਨਾਲ


ਮਨਿਸਟਰੀ ਆਫ ਦ ਅਟੌਰਨੀ ਜਨਰਲ ਦੇ
ਵਿਕਟਿਮ ਸਰਵਿਸ ਵਿਭਾਗ ,
ਓਨਟਾਰਿਓ ਟਰੀਲੀਅਮ ਫਾਉਂਡੇਸ਼ਨ
ਯੂਨਾਈਟੇਡ ਵੇ ਆਫ ਯੌਰਕ ਰੀਜਨ ਅਤੇ
ਸਥਾਨਕ ਕਮਯੂਨਿਟੀ ਵਲੋਂ ਇਕੱਠੀ ਕੀਤੀ ਗਈ ਧੰਨ ਰਾਸ਼ੀ
**ਦੁਆਰਾ ਫੰਡ ਕੀਤੀਆਂ ਗਈਆਂ**
ਚੈਰੀਟੇਬਲ ਰਜਿਸਟਰੇਸ਼ਨ
ਨੰਬਰ 87107 4068 RR0001


United Way
of York Region


## ਵਿਕਟਿਮ ਸਰਵਿਸਿਜ਼ ਆਫ ਯੌਰਕ ਰੀਜਨ

**(Victim Services of York Region)**


## ਸੰਕਟ ਵਿੱਚ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਕੇ ਸਮਾਜ ਦਾ ਪੁਨਰਨਿਰਮਾਣ

---

**ਯੌਰਕ ਰੀਜਨਲ ਪੁਲਿਸ ਅਤੇ
ਦ ਓਨਟਾਰਿਓ ਪਰੋਵਿੰਸ਼ੀਅਲ ਪੁਲਿਸ
ਦੇ ਨਾਲ ਸਹਿਭਾਗਤਾ ਵਿੱਚ ਕੰਮ ਕਰਦੇ ਹੋਏ**

## ਕਮਯੂਨਿਟੀ ਦਾ ਪੁਨਰਨਿਰਮਾਣ:

ਕੋਈ ਵੀ ਅਪਰਾਧ ਜਾਂ ਸ਼ੋਕਮਈ ਦੁਰਘਟਨਾ ਦੇ ਅਸਰਾਂ ਤੋਂ ਸੁਰੱਖਿਅਤ ਨਹੀਂ ਹੈ। ਸਾਡੇ ਵਿੱਚੋਂ ਬਹੁਤਿਆਂ ਵਾਸਤੇ ਦੇਰ ਰਾਤ ਵੇਲੇ ਪੁਲਿਸ ਦਾ ਸਾਡੇ ਦਰਵਾਜ਼ੇ ਉੱਤੇ ਦਸਤਕ ਦੇਕੇ ਕਿਸੇ ਪ੍ਰੀਜਨ ਬਾਰੇ ਬੁਰੀ ਖ਼ਬਰ ਦੇਣਾ, ਸਾਡੇ ਸਭ ਤੋਂ ਵੱਡੇ ਡਰਾਂ ਵਿੱਚੋਂ ਇੱਕ ਹੈ। ਅਜਿਹੇ ਸਮੇਂ ਵਿੱਚ ਸਾਨੂੰ ਸਾਰਿਆਂ ਨੂੰ ਕਿਸੇ ਅਜਿਹੇ ਵਿਅਕਤੀ ਦੀ ਲੋੜ ਹੁੰਦੀ ਹੈ ਜੋ ਕਿ ਸਾਡੇ ਨਾਲ ਖੜ੍ਹਾ ਰਹੇ ਅਤੇ ਸਾਨੂੰ ਸਹਾਰਾ ਦੇਵੇ।

ਇਥੇ ਹੀ ਵਿਕਟਿਮ ਸਰਵਿਸਿਜ਼ ਆਫ ਯੌਰਕ ਰੀਜਨ ਕੰਮ ਆਉਂਦੀ ਹੈ। ਵਿਕਟਿਮ ਸਰਵਿਸਿਜ਼ ਆਫ ਯੌਰਕ ਰੀਜਨ ਇੱਕ ਮੁਨਾਫ਼ੇ ਲਈ ਨਹੀਂ, ਖਰੈਤੀ ਏਜੰਸੀ ਹੈ ਜੋ ਕਿ ਅਪਰਾਧ ਜਾਂ ਦੁਖਦਾਈ ਹਾਲਾਤਾਂ ਦੇ ਸ਼ਿਕਾਰ ਵਿਅਕਤੀਆਂ ਵਾਸਤੇ 24 ਘੰਟੇ ਦਾ ਭਾਵਾਤਮਕ ਸਹਾਰਾ ਅਤੇ ਅਮਲੀ ਸਹਾਇਤਾ ਪਰਦਾਨ ਕਰਨ ਲਈ ਯੌਰਕ ਰੀਜਨਲ ਪੁਲਿਸ ਅਤੇ ਓ.ਪੀ.ਪੀ ਦੇ ਨਾਲ ਸਹਿਭਾਗਤਾ ਵਿੱਚ ਕੰਮ ਕਰਦੀ ਹੈ।

## ਵਿਕਟਿਮ ਸਰਵਿਸਿਜ਼ ਪਰੋਗਰਾਮ :

### 1. ਮੌਕੇ ਉੱਤੇ ਪ੍ਰਤੀਕਿਰਿਆ (On-Scene Response)

- ਵਿਕਟਿਮ ਰਿਸਪੌਂਸ ਟੀਮਾਂ (Victim Response Teams) 24/7, ਮੌਕੇ ਉੱਤੇ ਵਿਚਕਾਰ ਪੈਣ ਵਾਸਤੇ, ਯੌਰਕ ਰੀਜਨਲ ਪੁਲਿਸ ਅਤੇ ਯੌਰਕ ਰੀਜਨ ਵਿੱਚ ਓਨਟਾਰਿਓ ਪਰੋਵਿੰਸ਼ੀਅਲ ਪੁਲਿਸ ਲਈ ਲੋੜ ਪੈਣ ਤੇ ਤਿਆਰ (on call) ਰਹਿੰਦੀਆਂ ਹਨ।
- ਅਪਰਾਧ ਦੀ ਜਗ੍ਹਾ, ਪੁਲਿਸ ਸਟੇਸ਼ਨ, ਹਸਪਤਾਲ ਜਾਂ ਘਰ ਵਿੱਚ, ਵਿਚਕਾਰ ਪੈਣ ਵਾਸਤੇ ਮੌਜੂਦਗੀ/ਹਾਜ਼ਰੀ ।

### 2. ਟੇਲੀਫੋਨ ਰਾਹੀਂ ਸੰਕਟ ਵੇਲੇ ਪ੍ਰਤੀਕਿਰਿਆ (Telephone Crisis Response)

- ਸਟਾਫ ਦੇ ਲੋਕ ਜੁਰਮ ਦੇ ਸ਼ਿਕਾਰ ਲੋਕਾਂ ਨੂੰ ਟੇਲੀਫੋਨ ਰਾਹੀਂ ਫੌਲੋ-ਅਪ ਸਹਾਇਤਾ ਅਤੇ ਕਮਯੂਨਿਟੀ ਵਿੱਚ ਜੁੜਨ ਦੇ ਲਈ ਰੈਫਰਲ ਪਰਦਾਨ ਕਰਦੇ ਹਨ।
- ਜੁਰਮ ਜਾਂ ਦੁਖਦਾਈ ਹਾਲਾਤਾਂ ਦੇ ਸ਼ਿਕਾਰ ਵਿਅਕਤੀਆਂ ਨੂੰ 24 ਘੰਟੇ ਦੀ ਟੇਲੀਫੋਨ ਸਹਾਇਤਾ ।

### 3. ਕਮਯੂਨਿਟੀ ਦੇ ਨਾਲ ਸੈਹਯੋਗ (Community Collaboration)

- ਵਿਕਟਿਮ ਸਰਵਿਸਿਜ਼ ਜੁਰਮਾਂ ਦੇ ਸ਼ਿਕਾਰ ਲੋਕਾਂ ਦੀਆਂ ਲੋੜਾਂ ਨੂੰ ਸੰਬੋਧਤ ਕਰਨ ਵਾਲੀਆਂ ਵੱਖ ਵੱਖ ਕਮਯੂਨਿਟੀ ਕਮੇਟੀਆਂ ਵਿੱਚ ਭਾਗ ਲੈਂਦੀਆਂ ਹਨ।
- ਵਿਕਟਿਮ ਸਰਵਿਸਿਜ਼ ਕਮਯੂਨਿਟੀ ਨੂੰ ਰੋਕਥਾਮ, ਸੁਰੱਖਿਆ, ਅਪਰਾਧ ਦੇ ਚਿੰਨ੍ਹਾਂ ਅਤੇ ਅਸਰਾਂ ਬਾਰੇ ਸਿਖਿਆ ਦੇਣ ਲਈ ਸਕੂਲ , ਕਮਯੂਨਿਟੀ ਸਮਾਰੋਹਾਂ , ਅਤੇ ਪਬਲਿਕ ਮੁਲਾਕਾਤਾਂ (presentations) ਵਿੱਚ ਜਾਂਦੀਆਂ ਹਨ।

### 4. ਸਹਾਇਤਾ/ਸਹਾਰੇ ਲਈ ਲਿੰਕ (Support Link)

- ਇਹ ਪਰੋਗਰਾਮ ਉਨ੍ਹਾਂ ਲੋਕਾਂ ਨੂੰ ਸਹਾਇਤਾ ਦੇਣ ਲਈ ਰੂਪਅੰਕਤ ਕੀਤਾ ਗਿਆ ਹੈ ਜਿਨ੍ਹਾਂ ਨੂੰ ਕਿ ਆਪਣੇ ਪੁਰਾਣੇ ਨਿਕਟੀ ਪਾਰਟਨਰ ਵਲੋਂ ਹਿੰਸਾ ਦਾ ਅਨੁਭਵ ਕਰਨ ਦਾ ਖਤਰਾ ਕਾਫੀ ਜਿਆਦਾ ਹੈ। ਅਜਿਹੇ ਵਿਅਕਤੀ ਜਿਨ੍ਹਾਂ ਨੂੰ ਕਿ ਲਿੰਗਮੂਲਕ ਹਮਲੇ, ਪਰਵਾਰਕ ਹਿੰਸਾ ਅਤੇ/ਜਾਂ ਅਪਰਾਧਸ਼ੀਲ ਤਰੀਕੇ ਨਾਲ ਪਰੇਸ਼ਾਨ ਕੀਤੇ ਜਾਣ ਦਾ ਖਤਰਾ ਹੋਏ ਇੱਕ ਅਜਿਹਾ ਮੋਬਾਇਲ ਫੋਨ ਪਰਾਪਤ ਕਰਨ ਲਈ ਬੇਨਤੀ ਕਰ ਸਕਦੇ ਹਨ ਜਿਸ ਨੂੰ ਕਿ ਪਹਿਲਾਂ ਤੋਂ ਹੀ ਕੇਵਲ 911 ਉੱਤੇ ਫੋਨ ਕਰਨ ਵਾਸਤੇ ਪਰੋਗਰਾਮ ਕੀਤਾ ਗਿਆ ਹੁੰਦਾ ਹੈ।

ਇਸ ਪਰੋਗਰਾਮ ਦੇ ਤਿੰਨ ਹਿੱਸੇ ਹਨ

- ਕਲਾਇੰਟ ਦੇ ਲਈ ਇੱਕ ਨਿਜੀ ਸੁਰੱਖਿਆ ਯੋਜਨਾ ਵਿਕਸਤ ਕੀਤੀ ਜਾਂਦੀ ਹੈ
- ਕਲਾਇੰਟ ਨੂੰ ਇੱਕ ਮੋਬਾਇਲ ਫੋਨ ਦਿੱਤਾ ਜਾਂਦਾ ਹੈ ਜਿਸ ਨੂੰ ਕਿ ਪਹਿਲਾਂ ਤੋਂ ਹੀ 911 ਉੱਤੇ ਫੋਨ ਕਰਨ ਵਾਸਤੇ ਪਰੋਗਰਾਮ ਕੀਤਾ ਗਿਆ ਹੁੰਦਾ ਹੈ
- ਕਲਾਇੰਟ ਨਿਰੰਤਰ ਚੱਲਣ ਵਾਲਾ ਸਹਾਰਾ , ਨਿਜੀ ਸੁਰੱਖਿਆ ਯੋਜਨਾ ਨੂੰ ਆਧੁਨਿਕ ਬਣਾਉਣਾ ਅਤੇ ਉਸਦੀ ਸਮੀਖਿਆ ਪਰਾਪਤ ਕਰਦੇ ਹਨ

## ਅਸੀਂ ਅਜਿਹੇ ਕੇਸਾਂ ਵਿੱਚ ਜਵਾਬ ਵਜੋਂ ਕੰਮ ਕਰਦੇ ਹਾਂ :

- ਘਰੇਲੂ ਹਿੰਸਾ
- ਪਰਵਾਰਕ ਵਾਰਦਾਤਾਂ
- ਲਿੰਗਮੂਲਕ ਹਮਲੇ
- ਹਮਲੇ
- ਚੋਰੀ
- ਅੱਗ
- ਤਾਲਾ ਤੋੜ ਕੇ ਅੰਦਰ ਵੜਨਾ
- ਖੂਨ/ਕਤਲ
- ਅਚਾਨਕ ਮੌਤ
- ਆਵਾਜਾਈ ਨਾਲ ਸੰਬੰਧਤ ਦੁਰਘਟਨਾਵਾਂ
- ਜਾਇਦਾਦ ਪ੍ਰਤੀ ਜੁਰਮ/ਨੁਕਸਾਨ
- ਅਪਰਾਧਸ਼ੀਲ ਤਰੀਕੇ ਨਾਲ ਪਰੇਸ਼ਾਨ ਕਰਨਾ

## ਉਸ ਕਮਯੂਨਿਟੀ ਜਿਸਦੀ ਕਿ ਅਸੀਂ ਸੇਵਾ ਕਰਦੇ ਹਾਂ ਲਈ ਸਾਡਾ ਮੁੱਲ :

- ਸ਼ਿਕਾਰ ਹੋਏ ਲੋਕਾਂ ਨੂੰ ਕਿਸੇ ਜੁਰਮ ਅਤੇ/ਜਾਂ ਸ਼ੋਕਮਈ ਦੁਰਘਟਨਾ ਦੇ ਅਸਰ ਨਾਲ ਨਜਿੱਠਣ ਵਿੱਚ ਸਹਾਇਤਾ ਕਰਨਾ
- ਸ਼ਿਕਾਰ ਹੋਏ ਲੋਕਾਂ ਨੂੰ ਕਮਯੂਨਿਟੀ ਵਿੱਚ ਸਹਾਰਾ ਦੇਣ ਵਾਲੀਆਂ ਉਚਤ ਸੇਵਾਵਾਂ ਤੱਕ ਪਹੁੰਚਣ ਵਿੱਚ ਸਹਾਇਤਾ ਕਰਨਾ
- ਸ਼ਿਕਾਰ ਹੋਏ ਲੋਕਾਂ ਅਤੇ ਉਨ੍ਹਾਂ ਦੇ ਪਰਵਾਰਾਂ ਲਈ ਸਦਮੇ ਨੂੰ ਘਟਾਉਣਾ
- ਕਮਯੂਨਿਟੀ ਨੂੰ ਜੁਰਮਾਂ ਦੇ ਅਸਰਾਂ ਦਾ ਸਾਮ੍ਹਣਾ ਕਰਨ ਵਿੱਚ ਹੋਰ ਜਿਆਦਾ ਸ਼ਾਮਲ ਹੋਣ ਲਈ ਮੌਕਾ ਪਰਦਾਨ ਕਰਨਾ
- ਕਮਯੂਨਿਟੀ ਵਿੱਚ ਸ਼ਿਕਾਰ ਹੋਏ ਲੋਕਾਂ ਦੀ ਸਹਾਇਤਾ ਬਾਰੇ ਸਿਖਾਉਣਾ ਅਤੇ ਉਸ ਨੂੰ ਵਧਾਵਾ ਦੇਣਾ
- ਸਿੱਖਿਆ ਰਾਹੀਂ ਰੋਕਥਾਮ ਲਈ ਕੰਮ ਕਰਨਾ

ਮੈਂ/ਅਸੀਂ ਵਿਕਟਿਮ ਸਰਵਿਸਿਜ਼ ਆਫ ਯੌਰਕ ਰੀਜਨ ਦੀ ਹਿਮਾਇਤ ਲਈ $____________ ਦਾ ਕੁਲ ਦਾਨ ਦੇਕੇ ਖੁਸ਼ ਹਾਂ

ਕਿਰਪਾ ਕਰਕੇ ਚੈਕ ਵਿਕਟਿਮ ਸਰਵਿਸਿਜ਼ ਆਫ ਯੌਰਕ ਰੀਜਨ ਇੰਕ ਨੂੰ ਭੁਗਤਾਨਯੋਗ ਬਣਾਓ

ਟੈਕਸ ਦੀਆਂ ਰਸੀਦਾਂ ਇਸ ਪਤੇ ਉੱਤੇ ਭੇਜੋ (ਕਿਰਪਾ ਕਰਕੇ ਪਰਿੰਟ ਕਰੋ):

ਨਾਮ ______________________________

ਪਤਾ ______________________________

ਸ਼ੈਹਰ ____________________ ਪ੍ਰਾਂਤ __________ ਪੋਸਟਲ ਕੋਡ __________

ਘਰ ਦਾ ਫ਼ੋਨ ____________________ ਬਿਜ਼ਨਸ ਫੋਨ ____________________

ਈਮੇਲ ____________________ ਮਿਤੀ __________

**ਵਿਕਟਿਮ ਸਰਵਿਸਿਜ਼ ਆਫ ਯੌਰਕ ਰੀਜਨ ਅਤੇ ਸਾਡੇ ਦੁਆਰਾ ਸੇਵਾ ਕੀਤੀ ਜਾਣ ਵਾਲੀ ਕਮਯੂਨਿਟੀ ਦੀ ਹਿਮਾਇਤ ਕਰਨ ਵਾਸਤੇ ਤੁਹਾਡਾ ਧੰਨਵਾਦ**

4981 ਹਾਈਵੇ 7 ਈਸਟ, ਯੂਨਿਟ 12ਏ, ਸਵੀਟ 243.,
ਮਾਰਖਮ ਓਏਨ, ਐਲ3ਆਰ 1ਐਨ1 (905) 474-2955